بِسۡمِ اللّٰہِ الرَّحۡمٰنِ الرَّحِیۡمِ نَحۡمَدُہٗ وَنُصَلِّیۡ عَلٰی رَسُوۡلِہِ الۡکَرِیۡمِ وَعَلٰی عَبۡدِہِ الۡمَسِیۡحِ الۡمَوۡعُوۡدِ

# ਖ਼ੁਲਾਸਾ ਖ਼ੁਤਬਾ ਜੁਮਆ 10.04.2015

**ਵੱਲੋਂ : ਨਜ਼ਾਰਤ ਨਸ਼ਰੋ ਇਸ਼ਾਅਤ ਕਾਦੀਆਂ**

**ਸਯੱਦਨਾ ਹਜ਼ਰਤ ਅਮੀਰੁਲ ਮੋਮਿਨੀਨ ਖ਼ਲੀਫ਼ਾਤੁਲ ਮਸੀਹ ਖ਼ਾਮਿਸ ਅਯੱਦਾਹੁਲੱਾਹ ਤਆਲਾ ਬਿ ਨਸਰਿਹਿਲ ਅਜ਼ੀਜ਼ ਦੇ ਜੁਮਏ ਦੇ ਖ਼ੁਤਬੇ ਦਾ ਸਾਰ ਜੋ ਆਪ ਜੀ ਨੇ 10 ਅਪ੍ਰੈਲ ਸਨ 2015 ਈ. ਨੂੰ ਮਸਜਿਦ ਬੈਤੁਲ ਫ਼ੁਤੂਹ ਲੰਦਨ ਵਿੱਚ ਦਿੱਤਾ।**

ਹਮੇਸ਼ਾ ਰੱਬ ਦਾ ਖ਼ੌਫ਼ ਸੰਮੁਖ ਰਹਿਣਾ ਚਾਹੀਦਾ ਹੈ ਉਸ ਦੀ ਮਿਹਰ ਪ੍ਰਾਪਤ ਕਰਨ ਲਈ ਜਤਨਸ਼ੀਲ ਰਹਿਣਾ ਚਾਹੀਦਾ ਹੈ, ਉਸ ਦੀ ਕ੍ਰਿਪਾ ਤੇ ਮਿਹਰਾਂ ਨੂੰ ਮੰਗਦੇ ਰਹਿਣਾ ਚਾਹੀਦਾ ਹੈ । ਰੱਬ ਨਾਲ ਵਾਸਤਵਿਕ ਸੰਬੰਧ ਪੈਦਾ ਕਰਨ ਦੇ ਜਤਨ ਕਰਨੇ ਚਾਹੀਦੇ ਹਨ । ਆਪਣੇ ਰਤਾ ਜਿਹੇ ਜਤਨਾ ਅਤੇ ਇਕ ਅੱਧ ਦੁਆ ਦੇ ਪਰਵਾਨ ਹੋਣ ਜਾਂ ਕੁਝ ਸੱਚੇ ਸੁਪਨੇ ਦੇਖਣ ਕਰਕੇ ਹੰਕਾਰੀ ਨਹੀਂ ਹੋ ਜਾਣਾ ਚਾਹੀਦਾ ।

ਤਸ਼ਹੁੱਦ, ਤਉਜ਼, ਤਸਮੀਆ ਅਤੇ ਸੂਰਤ ਫ਼ਾਤਿਹਾ ਦੀ ਤਲਾਵਤ ਦੇ ਬਾਦ ਹਜ਼ੂਰ ਅਨਵਰ ਅਯੱਦਾਹੁਲੱਾਹ ਤਆਲਾ ਨੇ ਹੇਠ ਲਿਖੀ ਆਇਤ ਦੀ ਤਲਾਵਤ ਫ਼ਰਮਾਈ :

(قَدۡ اَفۡلَحَ الۡمُؤۡمِنُوۡنَ (2) الَّذِیۡنَ ہُمۡ فِیۡ صَلَاتِہِمۡ خٰشِعُوۡنَ (المؤمنون 2-3)

**ਕਦ ਅਫ਼ਲਾਹਲ ਮੋਮਿਨੂਨ 0 ਅਲੱਜ਼ੀਨਾ ਹੁਮ ਫ਼ੀ ਸਲਾਤਿਹਿਮ ਖ਼ਾਸ਼ਿਊਨ 0**

ਨਿਸ਼ਚੇ ਹੀ ਮੋਮਨ ਸਫ਼ਲ ਹੋ ਗਏ, ਉਹ ਜੋ ਆਪਣੀ ਨਮਾਜ਼ ਵਿੱਚ ਆਜਜ਼ੀ ਤੇ ਨਿਮਰਤਾ ਕਰਨ ਵਾਲੇ ਹਨ । ਇਹਨਾਂ ਆਇਤਾਂ ਵਿੱਚ ਪਹਿਲੀ ਆਇਤ ਵਿਚ ਅਲੱਾਹ ਤਆਲਾ ਨੇ (قَدۡ اَفۡلَحَ الۡمُؤۡمِنُوۡنَ) 'ਕਦ ਅਫ਼ਲਾਹਲ ਮੋਮਿਨੂਨ' ਕਹਿ ਕੇ ਮੋਮਿਨਾਂ ਦੀ ਸਫ਼ਲਤਾ ਦੀ ਨਿਸ਼ਚਿਤ ਖ਼ੁਸ਼ਖ਼ਬਰੀ ਪ੍ਰਦਾਨ ਕੀਤੀ ਹੈ, ਪਰ ਕਿਹੜੇ ਮੋਮਨ ? ਇਹਨਾਂ ਦੀਆਂ ਅਨੇਕਾਂ ਹੀ ਸ਼ਰਤਾ ਅਗਲੀਆਂ ਆਇਤਾਂ ਵਿੱਚ ਵਰਨਣ ਹੋਈਆਂ ਹਨ ਕਿ ਇਹਨਾਂ ਸ਼ਰਤਾ ਨਾਲ ਜੀਵਨ ਬਤੀਤ ਕਰਨ ਵਾਲੇ ਮੋਮਨ ਹੀ ਸਫ਼ਲਤਾ ਪ੍ਰਾਪਤ ਕਰਨ ਵਾਲੇ ਹਨ ਅਤੇ ਇਹਨਾਂ ਸ਼ਰਤਾਂ ਵਿੱਚੋਂ ਜਾਂ ਇਹਨਾਂ ਸਦਗੁਣਾ ਵਿੱਚੋਂ ਜਿੰਨ੍ਹਾ ਨਾਲ ਮੋਮਨ ਨੂੰ ਸੁਸੱਜਿਤ ਹੋਣਾ ਚਾਹੀਦਾ ਹੈ ਪਹਿਲੀ ਵਿਸ਼ੇਸ਼ਤਾ ਤੇ ਅਵਸਥਾ ਇਹ ਹੈ ਕਿ ਉਹ (فِیۡ صَلَاتِہِمۡ خٰشِعُوۡنَ) ਫ਼ੀ ਸਲਾਤਿਹਿਮ ਖ਼ਾਸ਼ਿਊਨ ਆਪਣੀਆਂ ਨਮਾਜ਼ਾਂ ਵਿੱਚ ਵਿਨਮ੍ਰਤਾ ਦਿਖਾਉਣ ਵਾਲੇ ਹਨ । ਸਾਧਾਰਣ ਅਰਥਾਂ ਵਿੱਚ ਇਹੋ ਅਰਥ ਕੀਤੇ ਜਾਂਦੇ ਹਨ ਕਿ ਨਮਾਜ਼ਾਂ ਵਿੱਚ ਵਿਨਮ੍ਰਤਾ ਨਾਲ ਦੁਆਵਾਂ ਕਰਨ ਵਾਲੇ ਪਰ ਇਸ ਦੇ ਹੋਰ ਵੀ ਅਰਥ ਹਨ ਅਤੇ ਜੱਦ ਤੱਕ ਸਾਰੇ ਅਰਥ ਪੂਰੇ ਨ ਹੋਣ ਇਕ ਮੋਮਨ ਦੀ ਹਕੀਕੀ ਮਿਆਰੀ ਅਵਸਥਾ ਪੈਦਾ ਨਹੀਂ ਹੁੰਦੀ ਅਤੇ ਕੋਸ਼ ਅਨੁਸਾਰ ਇਹ ਅਰਥ ਹਨ ਕਿ ਅਤਿਅੰਤ ਵਿਨਮ੍ਰਤਾ ਧਾਰਣ ਕਰਨੀ । 'ਖ਼ਾਸ਼ਿਆ' ਦੇ ਅਰਥ ਆਪਣੇ ਆਪ ਨੂੰ ਬਹੁਤ ਹੀਣਾ ਕਰਨਾ, ਆਪਣੇ ਆਪੇ ਨੂੰ ਮਿਟਾ ਦੇਣਾ । ਨੀਰੋ ਨੀਰ ਆਪਣੇ ਆਪ ਨੂੰ ਬਨਾਉਣ ਲਈ ਜਤਨ ਕਰਨਾ, ਨਜ਼ਰ ਨੀਵੀਂ ਰੱਖਣਾ, ਵਾਣੀ ਨੂੰ ਨੀਵੀਂ ਤੇ ਹੋਲੀ ਰੱਖਣਾ ।

ਸੋ, ਦੇਖੋ ਇਸ ਇਕ ਸ਼ਬਦ ਵਿੱਚ ਇਕ ਹਕੀਕੀ ਮੋਮਨ ਦੀ ਨਮਾਜ਼ ਅਤੇ ਇਬਾਦਤ ਦਾ ਕਿਹਾ ਸੋਹਣਾ ਚਿਤੱਰ ਖਿੱਚਿਆ ਗਿਆ ਹੈ ਅਤੇ ਜੋ ਮਨੁੱਖ ਰੱਬ ਅੱਗੇ ਆਪਣੀਆਂ ਇਬਾਦਤਾਂ ਦੇ ਮਿਆਰ ਪ੍ਰਾਪਤ ਕਰਨ ਲਈ ਝੁਕੇਗਾ, ਆਪਣੀਆਂ ਆਜਜ਼ੀਆਂ ਤੇ ਵਿਨਮ੍ਰਤਵਾਂ ਨੂੰ ਅਥਾਹ ਤੱਕ ਪਹੁੰਚਾਉਣ ਵਾਲਾ ਹੋਵੇਗਾ ਆਪਣੇ ਨਫ਼ਸ (ਆਪੇ ਨੂੰ) ਰੱਬ ਦੀ ਰਜ਼ਾ ਦੀ ਪ੍ਰਾਪਤੀ ਲਈ ਮਿਟਾਉਣ ਵਾਲਾ ਹੋਵੇਗਾ ਅਤੇ ਜੋ ਦੂਜੀਆਂ ਵਿਸ਼ੇਸ਼ਤਾਵਾਂ ਵਰਨਣ ਕੀਤੀਆਂ ਗਈਆਂ ਹਨ ਉਹਨਾਂ ਨੂੰ ਅਪਨਾਉਣ ਵਾਲਾ ਹੋਵੇਗਾ ਤਾਂ ਫਿਰ ਉਹ ਜਿੱਥੇ ਰੱਬ ਰੱਬ ਦੀ ਨੇੜਤਾ ਪ੍ਰਾਪਤ ਕਰਨ ਵਾਲਾ ਹੋਵੇਗਾ ਓਥੇ ਇਸ ਗੱਲ ਵੱਲ ਵੀ ਧਿਆਨ ਦੇਣ ਵਾਲਾ ਹੋਵੇਗਾ ਕਿ ਮੈਂ ਰੱਬ ਦੇ ਹੱਕ ਪੂਰੇ ਕਰਨ ਦੇ ਨਾਲ ਨਾਲ ਰੱਬ ਦੇ ਹੁਕਮਾ ਅਨੁਸਾਰ ਮਖ਼ਲੂਕ ਦੇ ਹੱਕ ਵੀ ਪੂਰੇ ਕਰਨੇ ਹਨ ਅਤੇ ਫਿਰ ਇਹ ਨਮਾਜ਼ਾਂ ਉਸ ਦੀਆਂ ਸੰਸਾਰਕ ਸਮੱਸਿਆਂ ਨੂੰ ਠੀਕ ਕਰਨ ਵਾਲੀਆਂ ਬਣ ਜਾਣਗੀਆਂ । ਫਿਰ ਉਹ ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਦੇ ਕਥਨ ਮੁਜਬ :

ਬਦ ਤਰ ਬਨੋ ਹਰ ਇਕ ਸੇ ਆਪਨੇ ਖ਼ਿਆਲ ਮੇਂ ਸ਼ਾਇਦ ਕਿ ਇਸ ਸੇ ਦਖ਼ਲ ਹੋ ਦਾਰੁਲ ਵਿਸਾਲ ਮੇਂ ।

ਦਾ ਚਿਤੱਰ ਬਣਨ ਦਾ ਜਤਨ ਕਰੇਗਾ ਅਤੇ ਇਹ ਚਿਤੱਰ ਬਣਨ ਦੇ ਜਤਨਾਂ ਵਿੱਚ ਆਪਣੇ ਹਉਮੈਂ ਅਤੇ ਨਫ਼ਸ (ਆਪੇ) ਦੀ ਵੱਡਿਆਈ ਦੇ ਚੁੰਗਲਾਂ ਵਿੱਚੋਂ ਨਿਕਲ ਕੇ ਜਤਨ ਕਰਦਿਆਂ ਹੋਇਆਂ ਆਪਣੇ ਸੰਸਾਰਕ ਮਾਮਲੇ ਵੀ ਸੁਲਝਾਏਗਾ ਜਾਂ ਸੁਲਝਾਉਣ ਦੇ ਜਤਨ ਕਰੇਗਾ । ਆਪਣੀਆਂ ਨਜ਼ਰਾਂ ਨੂੰ ਹਯਾ ਦੇ ਸਬਬ ਨੀਵੀਆਂ ਰੱਖਦਿਆਂ ਹੋਇਆਂ ਕੇਵਲ ਨਮਾਜ਼ ਦੀ ਅਵਸਥਾ ਵਿੱਚ ਹੀ ਨਹੀਂ ਸਗੋਂ ਆਮ ਪ੍ਰਤੀਦਿਨ ਦੇ ਜੀਵਨ ਵਿੱਚ ਵੀ ਇਸ ਉਪੱਰ ਅਮਲ ਕਰਦਿਆਂ ਹੋਇਆਂ ਸਮਾਜ ਦੀਆਂ ਅਨੇਕਾਂ ਹੀ ਬੁਰਾਈਆਂ ਤੋਂ ਬਚੇਗਾ ਜਾਂ ਬਚਣ ਦਾ ਜਤਨ ਕਰੇਗਾ । ਆਪਣੀ ਵਾਣੀ ਨੂੰ ਨੀਵੀਂ ਰੱਖਣ ਵਾਲਾ ਜਿੱਥੇ ਇਬਾਦਤ ਦੇ ਸੰਬੰਧਾਂ ਰਾਹੀਂ ਇਸ ਦੀ ਪਾਲਣਾ ਕਰਗਾ ਓਥੇ ਆਪਣੇ ਪ੍ਰਤੀਦਿਨ ਦੇ ਜੀਵਨ ਵਿੱਚ ਵੀ ਲੜਾਈ ਝਗੜੇ ਤੇ ਚੀਕਾਂ ਮਾਰਨ ਤੋਂ ਸੁਰੱਖਿਅਤ ਰਹੇਗਾ ਜਾਂ ਰਹਿਣ ਦਾ ਜਤਨ ਕਰੇਗਾ । ਸੋ, ਕਈ ਬੁਰਾਈਆਂ ਦਾ ਜਿੰਨ੍ਹਾ ਦਾ ਪ੍ਰਤੀਦਿਨ ਦੇ ਮਾਮਲਿਆਂ ਨਾਲ ਸੰਬੰਧ ਹੈ, ਉਹਨਾਂ ਦਾ ਵੀ ਇਕ ਮੋਮਨ ਆਪਣੀਆਂ ਨਮਾਜ਼ਾਂ ਤੇ ਇਬਾਦਤਾਂ ਕਰਕੇ ਖ਼ਾਤਮਾ ਕਰ ਲੈਂਦਾ ਹੈ ।

ਸੋ, ਨੇਕੀਆਂ ਕਰਨ ਵਾਲੇ ਕਿਵੇਂ ਕਿਵੇਂ ਲਾਭ ਉਠਾਉਣ ਵਾਲੇ ਹਨ ਜੋ ਰੱਬ ਦੀ ਰਜ਼ਾ ਖ਼ਾਤਰ ਨੇਕੀਆਂ ਕਰਦੇ ਹਨ ਜਾਂ ਰਬ ਉਹਨਾਂ'ਤੇ ਕਿਹੜੇ ਕਿਹੜੇ ਢੰਗਾ ਨਾਲ ਮਿਹਰ ਕਰਦਾ ਹੈ । ਇਹ ਸਭ ਮਨੁੱਖੀ ਸੋਚ ਤੋਂ ਬਾਹਰ ਹੈ ਅਤੇ ਉਹਨਾਂ ਮਿਹਰਾਂ ਨੂੰ ਪ੍ਰਾਪਤ ਕਰਨ ਲਈ ਇਕ ਮੋਮਨ ਲਈ ਪਹਿਲਾ ਕਦਮ ਅਤੇ ਅਤਿਅੰਤ ਮਹਤੱਵਪੂਰਨ ਕਦਮ ਨਮਾਜ਼ਾਂ ਵਿੱਚ ਵਿਨਮ੍ਰਤਾ ਪੈਦਾ ਕਰਨਾ ਰੱਬ ਨੇ ਰੱਖਿਆ ਹੈ । ਇਹਨਾ ਗੱਲਾਂ ਦੀ ਪ੍ਰਾਪਤੀ ਲਈ ਇਬਾਦਤ ਕਰਨੀ ਰੱਖੀ ਹੈ । ਆਜਜ਼ੀ ਵਿਨਮ੍ਰਤਾ ਤਾਂ ਕਈ ਦੁਨੀਆਦਾਰ ਵੀ ਕਈ ਵਾਰ ਬਹੁਤ ਦਿਖਾ ਦਿੰਦੇ ਹਨ, ਸਗੋਂ ਜੇਕਰ ਕੇਵਲ ਗਿੜਗੜਾਉਣ ਦਾ ਪ੍ਰਸ਼ਨ ਹੈ ਤਾਂ ਕਈ ਦੁਨੀਆਦਾਰ ਰਤਾ ਜਿਹੀ ਗੱਲ ਉਪੱਰ ਅਜਿਹਾ ਗਿੜਗਿੜਾਉਂਦੇ ਹਨ ਕਿ ਮਨੁੱਖ ਦੰਗ ਰਹਿ ਜਾਂਦਾ ਹੈ । ਅਜਿਹੀਆਂ ਥਾਵਾਂ ਜਿੱਥੇ ਉਹਨਾਂ ਦੇ ਦੁਨੀਆਵੀ ਲਾਭ ਪ੍ਰਭਾਵਤ ਹੋ ਰਹੇ ਹੋਣ, ਉਹ ਹੱਦੋਂ ਜ਼ਲੀਲ ਹੋਣ ਨੂੰ ਤਿਆਰ ਹੋ ਜਾਂਦੇ ਹਨ ਜਾਂ ਕਈ ਵਾਰ ਆਰਜ਼ੀ ਤੌਰ'ਤੇ ਭਾਵਨਾਵਾਂ ਦਾ ਵੀ ਪ੍ਰਗਟਾਵਾ ਹੋ ਰਿਹਾ ਹੁੰਦਾ ਹੈ । ਕਈ ਵਾਰ ਹਾਲਾਤ ਦੇਖਕੇ ਕਈ ਲੋਕਾਂ ਦੀਆਂ ਹਾਲਤਾਂ ਦੇਖਕੇ ਰਹਿਮ ਵੀ ਪੈਦਾ ਹੋ ਜਾਂਦਾ ਹੈ ਅਤੇ ਬਹੁਦ ਪੀੜਾਦਾਇਕ ਅਵਸਥਾ ਦੇਖਕੇ ਉਹਨਾਂ ਵਿੱਚ ਅਤਿਅੰਤ ਭਾਵਨਾਤਮਕ ਅਵਸਥਾ ਪੈਦਾ ਹੋ ਜਾਂਦੀ ਹੈ, ਪਰ ਇਹ ਸਭ ਕੁਝ ਤਾਂ ਆਪਣੇ ਲਾਭ ਲਈ ਹੁੰਦਾ ਹੈ ਜਾਂ ਦੁਨੀਆਵੀ ਦਿਖਾਵੇ ਲਈ ਜਾਂ ਇਕ ਆਰਜ਼ੀ ਅਤੇ ਵਕਤੀ ਭਾਵਨਾਂ ਹੇਠ ਹੁੰਦਾ ਹੈ । ਰੱਬ ਦੀ ਰਜ਼ਾ ਲਈ ਨਹੀਂ ਹੁੰਦਾ । ਰੱਬ ਦੀ ਰਜ਼ਾ ਪ੍ਰਾਪਤ ਕਰਨ ਵਾਲਾ ਤਾਂ ਇਹਨਾਂ ਦਿਖਾਵੇ ਦੀਆਂ ਗੱਲਾਂ ਤੋਂ ਬਹੁਤ ਦੂਰ ਹੁੰਦਾ ਹੈ । ਦੁਨੀਆਦਾਰਾਂ ਦੀਆਂ ਭਾਵਨਾਤਮਕ ਅਵਸਥਾਵਾਂ ਬਾਰੇ ਜਾਂ ਦਿਖਾਵੇ ਅਤੇ ਵਕਤੀ ਤੌਰ'ਤੇ ਗਿੜਗੜਾਉਣ ਦਾ ਪ੍ਰਗਟਾਵਾ ਕਰਨ ਵਾਲਿਆਂ ਬਾਰੇ ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਨੇ ਇਕ ਥਾਂ ਬਿਆਨ

ਫ਼ਰਮਾਇਆ ਹੈ ਕਿ "ਅਨੇਕਾਂ ਹੀ ਫ਼ਕੀਰ ਮੈਂ ਆਪਣੀਆਂ ਅਖੱਾਂ ਨਾਲ ਦੇਖੇ ਹਨ ਅਤੇ ਅਜਿਹੇ ਹੀ ਕੁਝ ਹੋਰ ਲੋਕ ਵੀ ਦੇਖਣ ਵਿੱਚ ਆਏ ਹਨ ਕਿ ਕਿਸੇ ਭੈ ਪੂਰਨ ਸ਼ੇਅਰ ਦੇ ਪੜ੍ਹਨ ਜਾਂ ਭੈ ਪੂਰਨ ਦ੍ਰਿਸ਼ ਦੇਖਣ ਨਾਲ ਜਾਂ ਭੈ ਪੂਰਨ ਘਟਣਾ ਸੁਨਣ ਨਾਲ ਉਹਨਾਂ ਦੀਆਂ ਅੱਖਾਂ ਵਿੱਚ ਐਨ੍ਹੀ ਛੇਤੀ ਹੰਝੂ ਕਿਰਨ ਲੱਗ ਜਾਂਦੇ ਹਨ ਜਿਵੇਂ ਕਿ ਕਈ ਬਦੱਲ ਐਨ੍ਹੀ ਛੇਤੀ ਆਪਣੀਆਂ ਮੋਟੀਆਂ ਮੋਟੀਆਂ ਕਣੀਆਂ ਵਰਸਾਉਂਦੇ ਹਨ ਕਿ ਬਾਹਰ ਸੌਣ ਵਾਲਿਆਂ ਨੂੰ ਰਾਤ ਸਮੇਂ ਇਹਨਾਂ ਵਿਹਲ ਵੀ ਨਹੀਂ ਦਿੰਦੇ ਕਿ ਆਪਣਾ ਬਿਸਤਰ ਬਿਨਾਂ ਭਿੱਜਿਆਂ ਅੰਦਰ ਲੈ ਜਾ ਸਕਣ । (ਅਰਥਾਤ ਜਿਵੇਂ ਵਰਖਾ ਇਕ ਦਮ ਆ ਜਾਂਦੀ ਹੈ ਇਸੇ ਪ੍ਰਕਾਰ ਉਹਨਾਂ ਦੇ ਹੰਝੂ ਵਹਿਣ ਲੱਗ ਜਾਂਦੇ ਹਨ । ਫ਼ਰਮਾਇਆ) ਪਰੰਤੂ ਮੈਂ ਆਪਣੀ ਆਪਦੀ ਗਵਾਹੀ ਦਿੰਦਾ ਹਾਂ ਕਿ ਅਧਿਕਤਰ ਅਜਿਹੇ ਮਨੁੱਖਾਂ ਨੂੰ ਮੈਂ ਬਹੁਤ ਮਕੱਾਰ ਸਗੋਂ ਦੁਨੀਆਦਾਰਾਂ ਤੋਂ ਅਗਾਂਹ ਦੇਖਿਆ ਹੈ ਅਤੇ ਕਈਆਂ ਨੂੰ ਮੈਂ ਅਜਿਹੇ ਦੁਸ਼ਟ, ਬੇਈਮਾਨ ਅਤੇ ਹਰ ਪੱਖੋਂ ਬਦਮਾਸ਼  ਦੇਖਿਆ ਹੈ ਕਿ ਮੈਂਨੂੰ ਉਹਨਾਂ ਦੇ ਗਿੜਗਿੜਾਉਣ ਦੀ ਆਦਤ ਤਰਲੇ ਤੇ ਮਿਨਤਾਂ ਦੀ ਖ਼ਸਲਤ ਦੇਖਕੇ ਇਸ ਗੱਲ ਤੋਂ ਕਰਾਹਤ ਆਉਂਦੀ ਹੈ ਕਿ ਕਿਸੇ ਸਭਾ ਵਿੱਚ ਅਜਿਹਾ ਰੋਣਾ ਧੋਣਾ ਤੇ ਅਧੀਰਤਾ ਪ੍ਰਕਟ ਕਰਾਂ ।"

ਸੋ, ਅਜਿਹੇ ਲੋਕ ਵੀ ਹੁੰਦੇ ਹਨ ਹਨ ਜਿੰਨ੍ਹਾ ਦੇ ਕੁਝ ਦ੍ਰਿਸ਼ ਦੇਖਕੇ ਹੰਝੂ ਕਿਰਨ ਵਿੱਚ ਦੇਰ ਨਹੀਂ ਲਗਦੀ ਪਰ ਇਹ ਵਕਤੀ ਭਾਵਨਾ ਹੁੰਦੀ ਹੈ । ਜੱਦ ਆਪਣੇ ਹਿੱਤ ਹੋਣ ਤਾਂ ਫਿਰ ਇਹ ਅਵਸਥਾ ਪੈਦਾ ਨਹੀਂ ਹੋਵੇਗੀ । ਉਸ ਮਨੁੱਖ ਵਿੱਚ ਕਦੇ ਇਹ ਅਵਸਥਾ ਨਹੀਂ ਹੋਵੇਗੀ ਜੇਕਰ ਇਕ ਅਵਸਥਾ ਨੂੰ ਇਕ ਸਮੇਂ ਵਿੱਚ ਦੇਖੇ ਜਿੱਥੇ ਭਾਵਨਾਵਾਂ ਨ  ਹੋਣ ਆਪਣੇ ਹਿੱਤ ਨ ਹੋਣ ਤਾਂ ਉਹ ਅਵਸਥਾ ਪੈਦਾ ਹੋ ਸਕਦੀ ਹੈ ਪਰ ਜੱਦ ਆਪਣੇ ਹਿੱਤ ਹੋਣ ਤਾਂ ਉਹ ਜ਼ੁਲਮ ਵੀ ਕਰ ਦਿੰਦਾ ਹੈ ਕਦੇ ਰਹਿਮ ਨਹੀਂ ਆਉਂਦਾ ਕਦੇ ਇਹ ਅਵਸਥਾ ਪੈਦਾ ਨਹੀਂ ਹੁੰਦੀ ਜਾਂ ਕਈ ਹੋਰ ਅਜਿਹੀਆਂ ਬੁਰਾਈਆਂ ਹੁੰਦੀਆਂ ਹਨ ਜੋ ਰੱਬ ਨੂੰ ਪਸੰਦ ਨਹੀਂ ਜਾਂ ਨਮਾਜ਼ਾਂ ਜਾਂ ਇਬਾਦਤਾਂ ਹਨ, ਉਹਨਾਂ ਦੇ ਕੇਵਲ ਦਿਖਾਵੇ ਲਈ ਹੁੰਦੀਆਂ ਹਨ । ਅਲੱਾਹ ਤਆਲਾ ਨੇ ਨਿਸ਼ਚਿਤ ਸਫ਼ਲਤਾ ਦੀ ਜ਼ਮਾਨਤ ਉਹਨਾਂ ਮੋਮਨਾਂ ਨੂੰ ਦਿੱਤੀ ਹੈ ਜੋ ਉਸ ਦੀ ਰਹਿਮ ਦੀ ਪ੍ਰਵਿਰਤੀ ਰਾਹੀਂ ਮਿਹਰ ਪਾਉਣ ਦਾ ਜਤਨ ਕਰਦੇ ਹਨ ਅਤੇ ਜਿਸ ਦੀ ਪਹਿਲੀ ਸ਼ਰਤ ਨਮਾਜ਼ਾਂ ਤੇ ਇਬਾਦਤਾਂ ਵਿੱਚ ਵਿਨਮ੍ਰਤਾ ਹੈ ਰੱਬ ਖ਼ਾਤਰ ਖ਼ਾਲਸ ਹੋਕੇ ਜੋ ਵਿਨਮ੍ਰਤਾ ਕੀਤੀ ਜਾਵੇ । ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਨੇ ਇਸ ਵਿਸ਼ੇ ਨੂੰ ਵਰਨਣ ਕਰਦਿਆਂ ਹੋਇਆਂ ਮੋਮਨ ਦੀ ਇਸ ਅਵਸਥਾ ਨੂੰ ਮਨੁੱਖ ਦੀ ਪੈਦਾਇਸ਼ ਦੇ ਵੱਖ ਵੱਖ ਪੜਾਵਾਂ ਨਾਲ ਤਸ਼ਬੀਹ ਦਿੰਦਿਆਂ ਹੋਇਆਂ ਜੋ ਵਰਣਨ ਕੀਤਾ ਹੈ ਉਸ ਦੇ ਕੇਵਲ ਪਹਿਲੇ ਭਾਗ ਅਰਥਾਤ (الَّذِينَ هُمْ فِي صَلَاتِهِمْ خَاشِعُونَ) "ਅਲੱਜ਼ੀਨਾ ਹੁਮ ਫ਼ੀ ਸਲਾਤੇਹਿਮ ਖ਼ਾਸ਼ਿਊਨ" ਨੂੰ ਪੇਸ਼ ਕਰਦਾ ਹਾਂ, ਜਿਸ ਤੋਂ ਪ੍ਰਤਖ ਹੁੰਦਾ ਹੈ ਕਿ ਕੋਈ ਨੇਕੀ ਉਸ ਸਮੇਂ ਤੱਕ ਨੇਕੀ ਨਹੀਂ ਰਹਿੰਦੀ ਨ ਹੀ ਇਬਾਦਤਾਂ ਉਸ ਸਮੇਂ ਤੱਕ ਪੱਕੀਆਂ ਨੀਹਾਂ'ਤੇ ਇਬਾਦਤਾਂ ਰਹਿੰਦੀਆਂ ਹਨ ਜੱਦ ਤੱਕ ਰੱਬ ਦੀ ਰਹਿਮ ਦੀ ਪ੍ਰਵਿਰਤੀ ਦੇ ਨਾਲ ਮਨੁੱਖ ਚਿਮਟਿਆ ਰਹਿਣ ਦੇ ਜਤਨ ਨ ਕਰੇ ਜਾਂ ਓਸ ਨੂੰ ਪ੍ਰਾਪਤ ਕਰਨ ਦੇ ਜਤਨ ਨ ਕਰੇ । ਆਪਣੀਆਂ ਇਬਾਦਤਾਂ ਨੂੰ ਕੇਵਲ ਇਕ ਅਜਿਹਾ ਜਤਨ ਸਮਝੇ ਜੋ ਉਸ ਨੂੰ ਰੱਬ ਨਾਲ ਚਿਮਟਾਏ ਰੱਖਣ ਦਾ ਉਸ ਦੀ ਮਿਹਰ ਰਾਹੀਂ ਹੀ ਸਾਧਨ ਹੈ ।

ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਫ਼ਰਮਾਉਂਦੇ ਹਨ ਕਿ "ਪਹਿਲਾ ਮਰਤਬਾ ਮੋਮਨ ਦੇ ਰੂਹਾਨੀ ਵਜੂਦ ਦਾ ਵਿਨਮ੍ਰਤਾ, ਮਨ ਦੀ ਡੂੰਘਿਆਈ, ਕੋਮਲਤਾ ਅਤੇ ਵਿਲੀਨਤਾ ਦੀ ਅਵਸਥਾ ਹੈ ਜੋ ਨਮਾਜ਼ ਅਤੇ ਇਲਾਹੀ ਚੇਤਨ ਵਿੱਚ ਮੋਮਨ ਨੂੰ ਪ੍ਰਾਪਤ ਹੁੰਦੀ ਹੈ ਅਰਥਾਤ ਕੋਮਲਤਾ, ਹਲੀਮੀ, ਨਿਮਰਤਾ, ਆਜਜ਼ੀ, ਸ਼ਾਂਤੀ ਅਤੇ ਆਤਮਾ ਦੀ ਉਡੀਕ ਤੇ ਤੜਪ, ਜੋਸ਼, ਵਲਵਲਾ ਤੇ ਤਪਿਸ਼ ਆਪਣੇ ਅੰਦਰ ਪੈਦਾ ਕਰਨਾ ਅਤੇ ਇਕ ਖ਼ੌਫ਼ ਦੀ ਅਵਸਥਾ ਆਪਣੇ ਉਪੱਰ ਲਾਗੂ ਕਰਕੇ ਉਸ ਜਲਾਲ ਵਾਲੇ ਰੱਬ ਵੱਲ ਆਪਣੇ ਮਨ ਨੂੰ ਝੁਕਾਉਂਣਾ ਜਿਵੇਂ ਕਿ ਇਸ ਆਇਤ ਵਿੱਚ ਵਰਨਣ ਕੀਤਾ ਗਿਆ ਹੈ । ( قَدْ أَفْلَحَ الْمُؤْمِنُونَ(2)الَّذِينَ هُمْ فِي

(صَلَاتِہِمۡ خَاشِعُوۡنَ) ਕਦ ਅਫ਼ਲਾਹਲ ਮੋਮਿਨੂਨਾ 0 ਅਲੱਜ਼ੀਨਾ ਹੁਮ ਫ਼ੀ ਸਲਾਤਿਹਿਮ ਖ਼ਾਸ਼ਿਊਨ 0 ਅਰਥਾਤ ਉਹ ਮੋਮਨ ਆਪਣੀ ਮੁਰਾਦ ਨੂੰ ਪਾ ਗਏ ਜੋ ਆਪਣੀਆਂ ਨਮਾਜ਼ਾਂ ਵਿੱਚ ਅਤੇ ਹਰ ਇਕ ਪ੍ਰਕਾਰ ਦੀਆਂ ਇਲਾਹੀ ਚੇਤਨਾਵਾਂ ਵਿੱਚ (ਕੇਵਲ ਨਮਾਜ਼ ਹੀ ਨਹੀਂ ਸਗੋਂ ਹਰ ਇਕ ਪ੍ਰਕਾਰ ਦੀ ਇਲਾਹੀ ਚੇਤਨਾ ਵਿੱਚ) ਨਿਮਰਤਾ, ਆਜਜ਼ੀ ਤੇ ਹਲੀਮੀ ਅਪਣਾਉਂਦੇ ਹਨ ਅਤੇ ਮਨ ਦੀ ਗਹਿਰਾਈ ਤੇ ਕੋਮਲਤਾ, ਵਿਨਮ੍ਰਤਾ, ਤੜਪ, ਤਪਿਸ਼ ਤੇ ਮਨ ਦੇ ਜੋਸ਼ ਤੇ ਵਲਵਲੇ ਨਾਲ ਆਪਣੇ ਰੱਬ ਦੇ ਸਿਮਰਣ ਵਿੱਚ ਲੀਨ ਹੁੰਦੇ ਹਨ । ਫਿਰ ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਫ਼ਰਮਾਉਂਦੇ ਹਨ ਕਿ "ਉਹ ਲੋਕ ਜੋ ਕੁਰਆਨ ਕਰੀਮ ਵਿੱਚ ਗ਼ੌਰ ਕਰਦੇ ਹਨ ਜਾਣ ਲੈਣ ਕਿ ਨਮਾਜ਼ ਵਿੱਚ ਵਿਨਮ੍ਰਤਾ ਦੀ ਅਵਸਥਾ ਆਤਮਕ ਵੁਜੂਦ ਲਈ ਇਕ ਵੀਰਜ ਹੈ ਅਤੇ ਨੁਤਫ਼ੇ (ਵੀਰਜ ਦੇ ਸ਼ੁਕਰਾਣੂ) ਵਾਂਗ ਰੂਹਾਨੀ ਤੌਰ'ਤੇ ਸੰਪੂਰਨ ਮਨੁੱਖ ਦੇ ਸਾਰੇ ਗੁਣ, ਸਿਫ਼ਤਾਂ ਤੇ ਸਾਰੇ ਨਕਸ਼ ਤੇ ਬਣਤਰ ਉਸ ਵਿੱਚ ਗੁਪਤ ਹਨ ।" ਇੱਥੇ ਜਿਵੇਂ ਕਿ ਮੈਂ ਕਿਹਾ ਸੀ ਮਨੁੱਖੀ ਪੈਦਾਇਸ਼ ਦੇ ਦੌਰ ਦੀ ਉਧਾਰਣ ਦਿੱਤੀ ਹੈ, ਹੁਣ ਇਹ ਉਸ ਉਧਾਰਣ ਦਾ ਵਰਨਣ ਹੋ ਰਿਹਾ ਹੈ । ਜਿਵੇਂ ਨੁਤਫ਼ਾ (ਸ਼ੁਕਰਾਣੂ) ਗਰਭ ਵਿੱਚ ਜਾਕੇ ਬੱਚਾ ਬਣਕੇ ਪੈਦਾ ਹੁੰਦਾ ਹੈ ਅਤੇ ਫਿਰ ਇਕ ਸੰਪੂਰਨ ਗੁਣਾ ਦਾ ਇਕ ਕਾਮਲ ਮਨੁੱਖ ਬਣ ਜਾਂਦਾ ਹੈ ਇਸੇ ਪ੍ਰਕਾਰ ਆਤਮਕ ਵਿਨਮ੍ਰਤਾ ਤਰੱਕੀ ਦੇ ਦਰਜੇ ਪਾਰ ਕਰਦਿਆਂ ਹੋਇਆਂ ਰੂਹਾਨੀ ਪੱਖੋਂ ਮਨੁੱਖ ਨੂੰ ਕਾਮਲ ਕਰ ਦਿੰਦਾ ਹੈ । ਫਿਰ ਆਪ ਫ਼ਰਮਾਉਂਦੇ ਹਨ ਕਿ ਜਿਵੇਂ ਕਿ ਨੁਤਫ਼ਾ (ਸ਼ੁਕਰਾਣੂ) ਉਸ ਸਮੇਂ ਤੱਕ ਖ਼ਤਰੇ ਵਿੱਚ ਹੁੰਦਾ ਹੈ ਜੱਦ ਤੱਕ ਗਰਭ ਨਾਲ ਸੰਬੰਧ ਨ ਫੜ ਲਏ । ਅਰਥਾਤ ਉਸ ਸਮੇਂ ਤੱਕ ਨਸ਼ਟ ਹੋਣ ਦਾ ਖ਼ਤਰਾ ਜੱਦ ਤੱਕ ਗਰਭ ਵਿੱਚ ਚਲਿਆ ਨਹੀਂ ਜਾਂਦਾ ਜਿੱਥੇ ਅਗਾਂਹ ਉਸਦੀ ਇਲਾਹੀ ਕਾਨੂਨ ਤੇ ਕੁਦਰਤ ਅਨੁਸਾਰ ਪ੍ਰਗਤੀ ਹੋਣੀ ਹੈ । ਫਰਮਾਇਆ ਕਿ ਅਜਿਹਾ ਹੀ ਰੂਹਾਨੀ ਵੁਜੂਦ ਦੀ ਅਰੰਭਕ ਅਵਸਥਾ ਅਰਥਾ ਵਿਨਮ੍ਰਤਾ ਦੀ ਹਾਲਤ ਉਸ ਸਮੇਂ ਤੱਕ ਖ਼ਤਰੇ ਤੋਂ ਖਾਲੀ ਨਹੀਂ ਜੱਦ ਤੱਕ 'ਰਹੀਮ' ਤੇ ਕ੍ਰਿਪਾ ਨਿਧਾਨ ਰੱਬ ਨਾਲ ਸੰਬੰਧ ਨ ਫੜ ਲਏ । ਚੇਤੇ ਰਹੇ ਕਿ ਜੱਦ ਤੱਕ ਰੱਬ ਦੀ ਮਿਹਰ ਬਿਨਾਂ ਕਿਸੇ ਸਾਧਨ ਜਾਂ ਅਮਲ ਦੇ ਹੋਵੇ ਤਾਂ ਉਹ ਰੱਬ ਦੇ ਗੁਣ ਰਹਿਮਾਨ ਨਾਲ ਹੁੰਦਾ ਹੈ ਜਿਵੇਂ ਕਿ ਜੋ ਕੁਝ ਰੱਬ ਨੇ ਧਰਤੀ ਅਕਾਸ਼ ਆਦਿ ਮਨੁੱਖ ਲਈ ਬਣਾਏ ਹਨ ਜਾਂ ਆਪ ਮਨੁੱਖ ਨੂੰ ਬਣਾਇਆ । ਇਹ ਸਾਰੀਆਂ ਮਿਹਰਾਂ ਰਹਿਮਾਨ ਗੁਣ ਕਰਕੇ ਪ੍ਰਕਟ ਹੋਇਆ । ਪਰ ਜੱਦ ਕੋਈ ਫ਼ੈਜ਼ ਕਿਸੇ ਅਮਲ ਜਾਂ ਇਬਾਦਤ, ਸੰਘਰਸ਼ ਅਤੇ ਤਪੱਸਿਆ ਦੇ ਫ਼ਲ ਸਵਰੂਪ ਹੋਵੇ ਤਾਂ ਉਹ ਰੱਬ ਦੇ ਗੁਣ 'ਰਹੀਮ' ਦਾ ਫ਼ੈਜ਼ ਅਖਵਾਉਂਦਾ ਹੈ । ਫ਼ਰਮਇਆ ਕਿ ਇਹੋ ਅਲੱਾਹ ਦੀ ਸੁਨੱਤ ਹੈ ਜੋ ਆਦਮ ਲਈ ਅਰੰਭ ਹੈ । ਸੋ, ਜੱਦ ਕਿ ਮਨੁੱਖ ਨਮਾਜ਼ ਅਤੇ ਇਲਾਹੀ ਚੇਤਨਾ ਵਿੱਚ ਵਿਨਮ੍ਰਤਾ ਦੀ ਅਵਸਥਾ ਧਾਰਣ ਕਰਦਾ ਹੈ ਤਾਂ ਆਪਣੇ ਆਪ ਨੂੰ ਰਹੀਮ ਦੇ ਫ਼ੈਜ਼ ਪਾਉਣ ਲਈ ਉਸ ਯੋਗ ਬਣਾਉਂਦਾ ਹੈ । ਸੋ, ਨੁਤਫ਼ੇ (ਸ਼ੁਕਰਾਣੂ) ਵਿੱਚ ਅਤੇ ਰੂਹਾਨੀ ਵਜੂਦ ਦੇ ਅਰੰਭਕ ਮਰਤਬੇ ਵਿੱਚ ਜੋ ਵਿਨਮ੍ਰਤਾ ਦੀ ਅਵਸਥਾ ਹੈ ਕੇਵਲ ਅੰਤਰ ਇਹ ਹੈ ਕਿ ਨੁਤਫ਼ਾ (ਸ਼ੁਕਰਾਣੂ) ਗਰਭ ਅਕਰਸ਼ਣ ਦਾ ਮੁਥਾਜ ਹੁੰਦਾ ਹੈ ਅਤੇ ਇਹ ਰਹੀਮ ਰੱਬ ਦਾ ਅਰਥਾਤ ਰਹੀਮ ਰੱਬ ਦੇ ਅਕਰਸ਼ਣ ਵਲ ਆਉਣਾ ਰਖਦਾ ਹੈ ਅਤੇ ਜਿਵੇਂ ਕਿ ਸ਼ੁਕਰਾਣੂਆਂ ਲਈ ਸੰਭਵ ਹੈ ਕਿ ਗਰਭ ਦੇ ਅਕਰਸ਼ਣ ਤੋਂ ਪਹਿਲਾਂ ਹੀ ਨਸ਼ਟ ਹੋ ਜਾਵੇ ਅਜਿਹਾ ਹੀ ਰੂਹਾਨੀ ਵੁਜੂਦ ਦੇ ਪਹਿਲੇ ਮਰਤਬੇ ਲਈ ਅਰਥਾਤ ਵਿਨਮ੍ਰਤਾ ਲਈ ਸੰਭਵ ਹੈ ਕਿ ਉਹ ਰਹੀਮ ਦੇ ਅਕਰਸ਼ਣ ਅਤੇ ਸੰਬੰਧ ਤੋਂ ਪਹਿਲਾਂ ਹੀ ਨਸ਼ਟ ਹੋ ਜਾਵੇ । ਸੋ, ਕਈ ਜੋ ਦਿਖਾਵੇ ਦੀਆਂ ਇਬਾਦਤਾਂ ਹੁੰਦੀਆਂ ਹਨ ਉਹ ਰਹੀਮ ਰੱਬ ਨਾਲ ਸੰਬੰਦ ਪੈਦਾ ਕਰਨ ਤੋਂ ਪਹਿਲਾਂ ਹੀ ਨਸ਼ਟ ਕਰ ਦਿੰਦੀਆਂ ਹਨ । ਇਹ ਉਧਾਣ ਜੋ ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਨੇ ਦਿੱਤੀ ਹੈ ਇਸ ਵਿੱਚ ਮਨੁੱਖ ਨੂੰ ਨਹੀਂ ਪਤਾ ਕਿ ਰਹੀਮ ਰੱਬ ਦੀ ਰਹੀਮੀਯਤ ਨੇ ਕਦੋਂ ਉਸਨੂੰ ਕੁਬੂਲ ਕਰਕੇ ਫਲ ਲਾਉਣਾ ਹੈ । ਸੋ, ਇਕ ਨਿਰੰਤਰ ਜਤਨ ਦੀ ਲੋੜ ਹੈ ਜਿਵੇਂ ਜ਼ਾਹਿਰੀ ਤੌਰ'ਤੇ ਪਤਾ ਨਹੀਂ ਹੁੰਦਾ ਕਿ ਕਦੋਂ ਫ਼ਰਟੀਲਾਈਜ਼ੇਸ਼ਨ (Fertilization) ਹੋਣਾ ਹੈ ਅਤੇ ਕੱਦ ਬੱਚਾ ਪੈਦਾ ਹੋਣਾ ਹੈ, ਬੱਚੇ ਨੇ ਬਨਣਾ

ਅਰੰਭ ਹੋਣਾ ਹੈ । ਜਿਵੇਂ ਸ਼ੁਕਰਾਣੂ ਗਰਭ ਵਿੱਚ ਜਾਕੇ ਨੁਕਸ ਤੇ ਘਾਟ ਦੇ ਸਬਬ ਜੋ ਜਾਂਦੇ ਹਨ, ਇਸੇ ਪ੍ਰਕਾਰ ਕਈ ਵਾਰ ਮਨੁੱਖ ਦੀ ਇਕ ਵਾਰ ਦੀ ਵਿਨਮ੍ਰਤਾ ਉਸ ਨੂੰ ਫਲ ਲਗਾ ਵੀ ਦੇਵੇਗੀ ਜਾਂ ਫਲ ਲਗਾ ਦਿੰਦੀ ਹੈ, ਪਰ ਫਿਰ ਉਸ ਵਿੱਚ ਸ਼ੈਤਾਨ (ਦੈਂਤ) ਪੈਦਾ ਹੋ ਜਾਂਦਾ ਹੈ ਅਤੇ ਆਪਣੀ ਵੱਡਿਆਈ ਪੈਦਾ ਹੋ ਜਾਂਦੀ ਹੈ ਜਿਵੇਂ ਕਿ ਨਬੀਆਂ ਨੂੰ ਮੰਨ੍ਹ ਕੇ ਫਿਰ ਛੱਡ ਦੇਣ ਵਾਲਿਆਂ ਦੀ ਹਾਲਤ ਹੁੰਦੀ ਹੈ, ਇਹ ਵੱਡਿਆਈ ਤੇ ਹੰਕਾਰੀ ਹੁੰਦਾ ਹੈ ਜੋ ਉਹਨਾਂ ਨੂੰ ਉਹਨਾਂ ਨੇਕੀਆਂ ਤੋਂ ਛੁਡਾ ਦਿੰਦਾ ਹੈ । ਰੱਬ ਨਾਲ ਉਹਨਾਂ ਦਾ ਸੰਬੰਧ ਉਸ ਸਮੇਂ ਤੱਕ ਰਹਿੰਦਾ ਹੈ ਜੱਦ ਤੱਕ ਰੱਬ ਦੇ ਭੇਜੇ ਹੋਏ ਨਾਲ ਸੰਬੰਧ ਹੈ ਅਤੇ ਜਿੱਥੇ ਉਹ ਸੰਬੰਧ ਛੱਡਿਆ ਉਥੇ ਜ਼ਿਲੱਤ ਤੇ ਗੁਮਰਾਹੀ ਦੇ ਖੂਹ ਵਿੱਚ ਪੈ ਗਏ । ਸੋ, ਹਮੇਸ਼ਾ ਰੱਬ ਦਾ ਖ਼ੌਫ਼ ਸਾਹਮਣੇ ਰਹਿਣਾ ਚਾਹੀਦਾ ਹੈ । ਉਸ ਦੇ ਰਹਿਮ ਦੀ ਪ੍ਰਾਪਤੀ ਲਈ ਜਤਨਸ਼ੀਲ ਰਹਿਣਾ ਚਾਹੀਦਾ ਹੈ, ਉਸ ਦੀਆਂ ਮਿਹਰਾਂ ਨੂੰ ਮੰਗਦੇ ਰਹਿਣਾ ਚਾਹੀਦਾ ਹੈ । ਰੱਬ ਨਾਲ ਹਕੀਕੀ ਸੰਬੰਧ ਪੈਦਾ ਕਰਨ ਦਾ ਜਤਨ ਕਰਦੇ ਰਹਿਣਾ ਚਾਹੀਦਾ ਹੈ ਆਪਣੇ ਰਤਾ ਜਿਹੇ ਜਤਨਾ ਅਤੇ ਇਕ ਅੱਧੀ ਦੁਆ ਦੇ ਪਰਵਾਨ ਹੋਣ ਜਾਂ ਕੁਝ ਸੱਚੇ ਸੁਪਨੇ ਦੇਖਣ ਕਰਕੇ ਨਾਜ਼ (ਘਮੰਡ) ਨਹੀਂ ਕਰਨਾ ਚਾਹੀਦਾ । ਰੱਬ ਨੇ ਇਹ ਕਿਤੇ ਨਹੀ ਫ਼ਰਮਾਇਆ ਕਿ ਕਿ ਤੁਹਾਡੀ ਇਕ ਅੱਧੀ ਦੁਆ ਦੇ ਪਰਵਾਨ ਹੋ ਜਾਣਾ ਜਾਂ ਕੁਝ ਇਕ ਸੱਚੇ ਸੁਪਨੇ ਦੇਖ ਲੈਣਾ ਤੁਹਾਨੂੰ ਸਫ਼ਲਤਾ ਪਾਉਣ ਵਾਲਿਆਂ ਵਿੱਚ ਸ਼ਾਮਲ ਕਰ ਲਏਗਾ । ਰੱਬ ਦੀ ਨੇੜਤਾ ਪਾਉਣ ਵਾਲੇ ਅਤੇ ਸਫ਼ਲਤਾ ਪਾਉਣ ਵਾਲੇ ਆਪਣੀ ਆਜਜ਼ੀ ਤੇ ਨਿਮ੍ਰਤਾ ਦੇ ਅੰਤ ਨੂੰ ਪਹੁੰਚਣ ਦੇ ਬਾਦ ਵੀ, ਫ਼ਜ਼ੂਲ ਗੱਲਾਂ ਤੋਂ ਗੁਰੇਜ਼ ਕਰਦੇ ਰਹਿਣ ਦੇ ਬਾਦ ਵੀ, ਰੱਬ ਦੇ ਮਾਰਗ ਵਿੱਚ ਖਰਚ ਕਰਨ ਦੇ ਬਾਦ ਵੀ, ਆਪਣੀ ਅਸਮਤ ਦੀ ਸੁਰੱਖਿਆ ਦੇ ਬਾਦ ਵੀ, ਆਪਣੇ ਅਹਿਦ ਤੇ ਪ੍ਰਣ ਪੂਰੇ ਕਰਨ ਦੇ ਬਾਦ ਵੀ, ਆਪਣੀ ਇਬਾਦਤਾਂ ਦੇ ਹੱਕ ਪੂਰੇ ਕਰਨ ਦੇ ਬਾਦ ਵੀ, ਆਪਣੀਆਂ ਨਮਾਜ਼ਾਂ ਦੇ ਹੱਕ ਪੂਰੇ ਕਰਨ ਦੇ ਬਾਦ ਵੀ ਅਤੇ ਉਹਨਾਂ ਦੀ ਸੁਰੱਖਿਆ ਕਰਨ ਦੇ ਬਾਦ ਵੀ ਇਹੋ ਕਹਿੰਦੇ ਹਨ ਕਿ ਹੇ, ਅਲੱਾਹ ! ਸਾਨੂੰ ਆਪਣੀ ਮਿਹਰ ਦੀ ਚਦੱਰ ਨਾਲ ਢੱਕ ਲੈ ਉਸ ਤੋਂ ਬਿਨਾਂ ਅਸੀਂ ਕੁਝ ਵੀ ਨਹੀਂ । ਸੋ, ਰੱਬ ਦੀ ਮਿਹਰ ਹੀ ਹੈ ਜੋ ਮਨੁੱਖ ਦੇ ਨਿਰੰਤਰ ਜਤਨ ਜੋ ਉਸ ਦੇ ਰਹੀਮ ਦੇ ਗੁਣ ਨੂੰ ਸਮਾਉਣ ਲਈ ਉਹ ਕਰਦਾ ਹੈ ਪਰਵਾਨਗੀ ਦਾ ਦਰਜਾ ਦਿੰਦਾ ਹੈ ਅਰਥਾਤ ਰਹੀਮੀ ਦੇ ਗੁਣ ਨੂੰ ਸਮਾਉਣ ਦਾ ਜਤਨ ਨਿਰੰਤਰ ਰਹੇ ਤਾਂ ਰੱਬ ਦੀਆਂ ਮਿਹਾਰਾਂ ਪ੍ਰਾਪਤ ਹੁੰਦੀਆ ਹਨ । ਅਤੇ ਰੱਬ ਦੀਆਂ ਮਿਹਰਾਂ ਕਰਕੇ ਹੀ ਮਨੁੱਖ ਕੁਬੂਲ ਕੀਤਾ ਜਾਂਦਾ ਹੈ ਅਤੇ ਉਸ ਦਾ ਅੰਤ ਚੰਗਾ ਹੁੰਦਾ ਹੈ।

ਸੋ, ਜਿਵੇਂ ਕਿ ਮੈਂ ਕਿਹਾ ਆਪਣੇ ਅੰਤ ਵੱਲ ਧਿਆਨ ਰੱਖਣਾ ਚਾਹੀਦਾ ਹੈ ਤਾਂ ਜੋ ਰੱਬ ਦੀਆਂ ਮਿਹਰਾਂ ਨਾਲ ਉਸ ਵਿੱਚ ਰਹੀਮੀ ਦੇ ਗੁਣਾ ਨੂੰ ਸਮਾਉਂਦਿਆਂ ਹੋਇਆਂ ਹਰ ਅਮਲ ਕਰਕੇ ਉਹ ਬੱਚਾ ਪੈਦਾ ਹੋਵੇ ਜੋ ਹਰ ਪੱਖੋਂ ਸੰਪੂਰਨ ਹੋਵੇ । ਉਹਨਾਂ ਲੋਕਾਂ ਵਿੱਚ ਅਸੀਂ ਗਿਣੇ ਜਾਈਏ ਜੋ ਜਿਵੇਂ ਜਿਵੇਂ ਇਬਾਦਤ ਵਿੱਚ ਤਰੱਕੀ ਕਰਨ ਵਾਲੇ ਹੋਣ ਤਿਵੇਂ ਹੀ ਆਪਣੇ ਆਪ ਨੂੰ ਹੀਣੇ ਸਮਝਣਾ ਵੀ ਵੱਧਦਾ ਚਲਾ ਜਾਵੇ । ਆਜਜ਼ੀ, ਹਲੀਮੀ ਤੇ ਵਿਨਮ੍ਰਤਾ ਵੀ ਓਹਨਾਂ ਦੀ ਵੱਧਦੀ ਜਾਵੇ । ਜੇਕਰ ਹਜ਼ਰਤ ਮੁਹਮੱਦ ਸਲਲੱਾਹੁ ਅਲਹਿ ਵਸਲਅਮ ਜਿੰਨ੍ਹਾ ਦੀ ਇਬਾਦਤ ਦੀ ਸੁੰਦਰਤਾ ਤੇ ਵਿਨਮ੍ਰਤਾ ਦੀ ਕਲਪਨਾ ਵੀ ਨਹੀਂ ਕਰ ਸਕਦੇ ਫ਼ਰਮਾਉਂਦੇ ਹਨ ਕਿ ਮੈਂ ਵੀ ਸਵਰਗ ਵਿੱਚ ਰੱਬ ਦੀ ਮਿਹਰ ਨਾਲ ਜਾਵਾਂਗਾ ਤਾਂ ਫ਼ਿਰ ਹੋਰ ਕਿਸੇ ਦਾ ਕੇਵਲ ਅਮਲ ਕਿਵੇਂ ਸਵਰਗਾਂ ਵਿੱਚ ਲੈ ਜਾ ਸਕਦਾ ਹੈ ਜਾਂ ਰੱਬ ਉਸ ਤੋਂ ਰਾਜ਼ੀ ਰਹਿ ਸਕਦਾ ਹੈ । ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਨੂੰ ਇਹਨਾਂ ਸਾਰੀਆਂ ਗੱਲਾਂ ਦੇ ਹੁੰਦਿਆਂ ਹੋਇਆਂ ਵੀ ਕਿ ਉਹਨਾਂ ਨੂੰ ਜ਼ਮਾਨਤ ਦਿੱਤੀ ਹੋਈ ਸੀ ਅਤੇ ਉਨਹਾਂ ਨੇ ਦੁਨੀਆ ਦਾ ਸੁਧਾਰ ਕਰਨਾ ਸੀ ਇਸੇ ਲਈ ਆਏ ਸਨ ਅਤੇ ਆਪ ਦੇ ਅਮਲਾਂ ਜਿਹਾ ਤਾਂ ਕਿਸੇ ਦਾ ਅਮਲ ਨਹੀਂ ਹੋ ਸਕਦਾ । ਉਹ ਵੀ ਆਪਣੀ ਵਿਨਮ੍ਰਤਾ ਤੇ ਆਜਜ਼ੀ ਨੂੰ ਇਸ ਪ੍ਰਕਾਰ ਵਧਾਉਂਦੇ ਹਨ ਕਿ ਨਫ਼ਲਾਂ ਵਿੱਚ ਇਹ ਅਹਿਸਾਸ ਹੀ ਨਹੀਂ ਰਹਿੰਦਾ ਕਿ ਮੇਰੇ ਪੈਰ੍ਹ ਵੀ ਸੁੱਜ ਗਏ ਹਨ । ਇਸ ਲਈ ਰੱਬ ਦੀਆਂ ਮਿਹਰਾਂ ਨੂੰ ਸਮਾਉਣ ਲਈ ਨਿਰੰਤਰ ਆਜਜ਼ੀ ਅਤੇ ਰੱਬ ਦਾ ਖ਼ੌਫ਼ ਹੈ ਜੋ ਹਰ ਇਕ ਨੂੰ ਸਾਹਮਣੇ ਰੱਖਣਾ ਚਾਹੀਦਾ ਹੈ । ਹਰ ਹਕੀਕੀ ਮੋਮਨ ਲਈ ਜ਼ਰੂਰੀ ਹੈ ਕਿ ਉਸ ਦੇ ਨਮਾਜ਼ ਅਰੰਭ ਕਰਨ ਅਤੇ ਖ਼ਤਮ ਕਰਨ ਵਿੱਚ ਇਕ ਪ੍ਰਤਖ ਅੰਤਰ ਹੋਵੇ । ਜੇਕਰ ਨਮਾਜ਼ ਅਰੰਭ ਕਰਨ ਤੋਂ ਪਹਿਲਾਂ ਉਸ ਵਿੱਚ ਕੋਈ ਮੈਂ, ਹਉਮੈਂ ਤੇ ਹੰਕਾਰ ਦਾ ਕੋਈ ਹਿਸੱਾ ਸੀ ਵੀ ਤਾਂ

ਨਮਾਜ਼ ਖ਼ਤਮ ਕਰਦੇ ਸਮੇਂ ਉਸ ਦਾ ਮਨ ਇਹਨਾ ਚੀਜਾਂ ਤੋਂ ਪਾਕ ਹੋਣਾ ਚਾਹੀਦਾ ਹੈ । ਇਸੇ ਪ੍ਰਕਾਰ ਦੂਜੀਆਂ ਇਬਾਦਤਾਂ ਹਨ । ਹਰ ਇਬਾਦਤ ਦਾ ਅੰਤ ਉਸ ਦੇ ਹਉਮੈਂ ਦਾ ਅੰਤ ਅਤੇ ਆਪਣੇ ਆਪ ਨੂੰ ਹੀਣਾ ਸਮਝਣਾ ਅਪਨਾਉਣਾ ਹੋਵੇ । ਆਪਣੇ ਪ੍ਰਤੀਦਿਨ ਦੇ ਮਾਮਲਿਆਂ ਵਿੱਚ ਇਕ ਦੂਜੇ ਨਾਲ ਵਰਤਾਉ ਰੱਬ ਦੀ ਰਜ਼ਾ ਖਾਤਰ ਮਨ ਵਿੱਚ ਆਜਜ਼ੀ ਨਿਮ੍ਰਤਾ ਦੀ ਅਵਸਥਾ ਲਈ ਹੋਵੇ । ਇਸ ਲਈ ਸਾਡੀਆਂ ਇਬਾਦਤਾਂ ਨੀਵੇਂ ਹੋਕੇ ਚਲੱਣ ਵਾਲੀਆਂ ਹੋਣੀਆਂ ਚਾਹੀਦੀਆਂ ਹਨ ਤਾਂ ਜੋ ਰੱਬ ਦੇ ਰਹੀਮੀ ਦੇ ਗੁਣਾ ਨੂੰ ਹਰ ਸਮੇਂ ਤਾਜ਼ਾ ਅਤੇ ਸਵਥ ਫਲੱਣ ਫੁਲੱਣ ਵਾਲੇ ਫਲ ਲੱਗਦੇ ਰਹਿਣ । ਹਰ ਦਿਨ ਸਾਨੂੰ ਆਪਣੀਆਂ ਕਮਜ਼ੋਰੀਆਂ ਚਿੰਨ੍ਹਿਤ ਕਰਦੇ ਹੋਏ ਰੱਬ ਦੀਆਂ ਮਿਹਰਾਂ ਨੂੰ ਵਧਾਉਣ ਵਾਲਾ ਬਣਾਏ । ਅਲੱਾਹ ਤਆਲਾ ਸਾਨੂੰ ਸਦਾ 'ਇਸਤਗ਼ਫ਼ਾਰ' ਕਰਦੇ ਰਹਿਣ ਵਾਲਾ ਬਣਾਏ । ਸਾਡੀ ਹਰ ਇਕ ਨੇਕੀ ਜੇਕਰ ਰੱਬ ਦੀ ਦ੍ਰਿਸ਼ਟੀ ਵਿੱਚ ਨੇਕੀ ਹੈ ਤਾਂ ਰੱਬ ਦੀ ਰਜ਼ਾ ਪ੍ਰਾਪਤ ਕਰਨ ਦਾ ਸਾਧਨ ਹੋਵੇ । ਸਾਡੇ ਵਿੱਚੋਂ ਹਰ ਕੋਈ ਉਹਨਾਂ ਲੋਕਾਂ ਵਿੱਚ ਸ਼ਾਮਲ ਹੋ ਜਾਵੇ ਜੋ ਰੱਬ ਦੀ ਦ੍ਰਿਸ਼ਟੀ ਵਿੱਚ ਸਫ਼ਲਤਾ ਪ੍ਰਾਪਤ ਕਰਨ ਵਾਲੇ ਹੋਣ ।

★★★★★


**Khulasa Khutba 10.04.2015**

Delivered By : Hadhrat Khalifatul Masih Vth (atba)
Summarized by : Majlis Ansarullah Bharat
Tarnslated by : Shamshad Ahmad Eden, from Punjabi desk
From : Nazarat Nashr-o-Isha'at Qadian-143516, Distt. Gurdaspur, Punjab (INDIA)

Toll Free Shoba Noorul Islam-1800-3010-2131